# ਵਿਸ਼ਰਾਮ ਚਿੰਨ੍ਹ

20-6-2020

ਵਿਸ਼ਰਾਮ ਚਿੰਨ੍ਹ ਉਹ ਚਿੰਨ੍ਹ ਹੁੰਦੇ ਹਨ, ਜਿਹੜੇ ਲਿਖਤ ਵਿੱਚ ਠਹਿਰਾਉ ਪ੍ਰਗਟਾਉਣ ਲਈ ਵਰਤੇ ਜਾਂਦੇ ਹਨ। ਵਿਸ਼ਰਾਮ ਚਿੰਨ੍ਹ ਵਾਕਾਂ ਨੂੰ ਨਿਖੇੜਦੇ ਹਨ। ਇਸ ਨਿਖੇੜ ਨਾਲ ਉਹਨਾਂ ਦੇ ਅਰਥ ਠੀਕ ਤਰ੍ਹਾਂ ਨਾਲ ਸਮਝ ਆ ਜਾਂਦੇ ਹਨ। ਲਿਖਤ ਵਿੱਚ ਉਹ ਸ਼ਪੱਸ਼ਟਤਾ ਪੈਦਾ ਕਰਦੇ ਹਨ।

→ ਡੰਡੀ(।):-

ਇਹ ਚਿੰਨ੍ਹ ਵਾਕ ਦੇ ਅੰਤ ਵਿੱਚ ਪੂਰਨ ਠਹਿਰਾਉ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਹੈ।

ਜਿਵੇਂ:- ਸੁੰਦਰਤਾ ਦੀ ਕੋਈ ਜਾਤ ਨਹੀਂ।

→ ਪ੍ਰਸ਼ਨ ਚਿੰਨ੍ਹ(?):-

ਇਹ ਚਿੰਨ੍ਹ ਉਸ ਪੂਰਨ ਵਾਕ ਦੇ ਅੰਤ ਵਿੱਚ ਆਉਂਦਾ ਹੈ, ਜਿਸ ਵਿੱਚ ਕੋਈ ਪ੍ਰਸ਼ਨ ਜਾਂ ਗਲ ਪੁੱਛੀ ਗਈ ਹੋਵੇ।

ਜਿਵੇਂ:- ਤਾਜ਼ ਕਿੱਥੇ ਗਿਆ ਹੈ?

→ ਵਿਸਮਕ ਚਿੰਨ੍ਹ(!):-

ਇਹ ਚਿੰਨ੍ਹ ਉਸ ਵਾਕ ਦੇ ਅੰਤ ਵਿੱਚ ਅਤੇ ਵਾਕਾਂਸ਼ ਤੋਂ ਪਿੱਛੋਂ ਆਉਂਦਾ ਹੈ, ਜਿਸ ਵਿਚ ਹੈਰਾਨੀ, ਖੁਸ਼ੀ, ਗਮੀ ਪ੍ਰਗਟ ਹੁੰਦੀ ਹੈ।

ਜਿਵੇਂ:- ਕਾਸ਼! ਮੈਂ ਮੁੱਖ ਮੰਤਰੀ ਹੁੰਦਾ।

→ ਕਾਮਾ(,):-

ਵਾਕ ਵਿੱਚ ਥੋੜਾ ਜਿਹਾ ਠਹਿਰਾਉ ਪ੍ਰਗਟ ਕਰਨ ਸਮੇਂ ਕਾਮੇ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨੂੰ ਅਲਪ ਵਿਰਾਮ ਵੀ ਆਖਦੇ ਨੇ

ਜਿਵੇਂ:- ਮਾਸਟਰ ਜੀ, ਅੱਜ ਤੁਸੀ ਛੁੱਟੀਆਂ ਦਾ ਕੰਮ ਵੇਖਣਾ ਏ।

Scanned with CamScanner

Date |
Page |

→ **ਬਿੰਦੀ ਕਾਮਾ:-(;)**

ਇਹ ਚਿੰਨ੍ਹ ਕਾਮੇ ਨਾਲੋਂ ਵੱਖਰੇ ਠਹਿਰਾਓ ਪ੍ਰਗਟ ਕਰਦਾ ਹੈ।

ਜਿਵੇਂ:-ਨੀਲਮ ਨੇ ਨਹੀ ਆਉਣਾ; ਤੁਸੀਂ ਆਉਣਾ ਹੋਵੇਂ ਤਾਂ ਆ ਜਾਣਾ।

→ **ਦੋ ਬਿੰਦੀ(:):-**

ਜਿਸ ਵੇਲੇ ਕਿਸੇ ਸ਼ਬਦ ਦੇ ਅੱਖਰ ਪੂਰੇ ਨਾ ਲਿਖਣੇ ਹੋਣ ਤਾਂ ਇਸ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।

ਜਿਵੇਂ:- ਐਮ:ਏ, ਐਮ:ਐਡ, ਗੋ:, ਸੀ:, ਸੈ:, ਸ:।

→ **ਡੈਸ਼(-):-**

ਰੁਕ ਰੁਕ ਕੇ ਗੱਲ ਆਖਣ ਵੇਲੇ ਡੈਸ਼ ਦੀ ਵਰਤੋਂ ਕੀਤੀ ਜਾਂਦੀ ਹੈ।

ਜਿਵੇਂ:- ਚੰਡੀ– ਦਾਸ–ਹੋਸ਼ ਕਰੋ। ਮੇਰੇ ਬੇਟੇ– ਆਪਣੇ ਗੁਰਦੇਵ ਦਾ ਖਿਆਲ ਰੱਖੋ।

→ **ਦੋ ਬਿੰਦੀ ਡੈਸ਼(:-) -**

ਚੀਜ਼ਾਂ ਦਾ ਵੇਰਵਾ ਜਾਂ ਕਿਸੇ ਦੀ ਮਿਸਾਲ ਦੇਣ ਲਈ ਜਾਂ ਕੋਈ ਟੱਕ ਦੇਣ ਵੇਲੇ ਇਸਦੀ ਵਰਤੋਂ ਕਰਦੇ ਹਨ।

ਜਿਵੇਂ:- ਸਿਆਣੇ ਕਹਿੰਦੇ ਹਨ:- ਸੌ ਦਾਰੂ ਇਕ ਘਿਉ ਸੌ ਚਾਚਾ ਇਕ ਪਿਉ।

ਵਤਨ ਸਿੰਘ ਸੰਧੂ

→ **ਬ੍ਰੈਕਟ:-()**

ਨਾਟਕ ਵਿਚ ਕਿਸੇ ਪਾਤਰ ਦੇ ਭਾਵਾਂ ਨੂੰ ਪੇਸ਼ ਕਰਨ ਲਈ ਬ੍ਰੈਕਟ ਦੀ ਵਰਤੋਂ ਕੀਤੀ ਜਾਂਦੀ ਹੈ।

ਜਿਵੇਂ:- ਸ਼ੇਰੂ (ਇਕ-ਟੱਕ ਉਸ ਵਲ ਵੇਖਦਾ ਹੋਇਆ) ਕੌਮੀ ? ਮੇਰੇ ਵਲ ਵੇਖੋ ਨਾ।

Scanned with CamScanner

→ **ਪੁੱਠੇ ਕਾਮੇ (" "):-**

ਜਦੋਂ ਕਿਸੇ ਦੇ ਆਖੇ ਹੋਏ ਸ਼ਬਦਾਂ ਨੂੰ ਜਿਓਂ ਦਾ ਤਿਓਂ ਆਖਿਆ ਜਾਵੇ ਤਾਂ ਉਹ ਪੁੱਠੇ ਕਾਮਿਆਂ ਵਿੱਚ ਦਿੱਤੇ ਜਾਂਦੇ ਹਨ।
ਜਿਵੇਂ:- ਨਾਨਕ ਸਿੰਘ ਰਚਿਤ 'ਚਿੱਟਾ ਲਹੂ' ਪ੍ਰਸਿੱਧ ਨਾਵਲ ਹੈ।

→ **ਜੋੜਨੀ (-):-**

ਸਮਾਸੀ ਅਤੇ ਮੂਲ ਸ਼ਬਦਾਂ ਵਿਚਕਾਰ ਜੋੜਨੀ ਵਰਤੀ ਜਾਂਦੀ ਹੈ। ਇਸਦਾ ਚਿੰਨ ਡੈਸ਼ ਨਾਲੋ ਛੋਟਾ ਹੁੰਦਾ ਹੈ।
ਜਿਵੇਂ:- ਲੋਕ-ਰਾਜ, ਕੰਮ-ਕਾਰ, ਸੁੱਖ-ਦੁੱਖ।

→ **ਛੁੱਟ ਮਰੋੜੀ ('):-**

ਜਦੋਂ ਕਿਸੇ ਸ਼ਬਦ ਦਾ ਕੋਈ ਅੱਖਰ ਘੱਟ ਜਾਵੇ ਤਾਂ, ਛੁੱਟ ਮਰੋੜੀ ਦੀ ਵਰਤੋਂ ਕੀਤੀ ਜਾਂਦੀ ਹੈ।
ਜਿਵੇਂ:- 'ਚੋਂ ਵਿੱਚੋਂ, 'ਵਾ ਹਵਾ, 'ਚ ਵਿੱਚ।

→ **ਬਿੰਦੀ (.):-**

ਬਿੰਦੀ ਦੀ ਵਰਤੋਂ ਸ਼ਬਦ ਨੂੰ ਸੰਖੇਪ ਰੂਪ ਵਿੱਚ ਲਿਖਣ ਲਈ ਕੀਤੀ ਜਾਂਦੀ ਹੈ।
ਜਿਵੇਂ:- ਐਮ. ਏ, ਐੱਮ. ਐਡ।

Scanned with CamScanner